ਬਿਲਾਵਲੁ ॥ ਨਿਤ ਉਠਿ ਕੋਰੀ ਗਾਗਰਿ ਆਨੈ ਲੀਪਤ ਜੀਉ ਗਇਓ ॥ ਤਾਨਾ ਬਾਨਾ ਕਛੂ ਨ ਸੂਝੈ ਹਰਿ ਹਰਿ ਰਸਿ ਲਪਟਿਓ ॥੧॥ ਹਮਾਰੇ ਕੁਲ ਕਉਨੇ ਰਾਮੁ ਕਹਿਓ ॥ ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ ਭਇਓ ॥ ੧॥ ਰਹਾਉ ॥ ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ ॥ ਸਾਤ ਸੂਤ ਇਨਿ ਮੁਡੀਂਏ ਖੋਏ ਇਹੁ ਮੁਡੀਆ ਕਿਉ ਨ ਮੁਇਓ ॥ ੨॥ ਸਰਬ ਸੁਖਾ ਕਾ ਏਕੁ ਹਰਿ ਸੁਆਮੀ ਸੋ ਗੁਰਿ ਨਾਮੁ ਦਇਓ ॥ ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ ॥੩॥ ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ ॥ ਕਹਤ ਕਬੀਰੁ ਸਗਲ ਪਾਪ ਖੰਡਨੁ ਸੰਤਹ ਲੈ ਉਧਰਿਓ ॥੪॥੪॥ {ਪੰਨਾ 856}

ਪਦਅਰਥ:- ਕੋਰੀ—ਜੁਲਾਹ (ਨੋਟ:- ਕੋਰਾ ਭਾਂਡਾ ਸਿਰਫ਼ ਉਸ ਭਾਂਡੇ ਨੂੰ ਕਹੀਦਾ ਹੈ, ਜਿਸ ਵਿਚ ਅਜੇ ਪਾਣੀ ਨਾਹ ਪਾਇਆ ਗਿਆ ਹੋਵੇ। ਹਰ ਰੋਜ਼ ਕੋਰਾ ਘੜਾ ਲਿਆਉਣ ਦੀ ਕਬੀਰ ਜੀ ਨੂੰ ਭਲਾ ਕੀਹ ਲੋੜ ਪੈ ਸਕਦੀ ਹੈ? ਤੇ ਨਾਹ ਹੀ ਉਹਨਾਂ ਦੀ ਮਾਇਕ ਹਾਲਤ ਅਜਿਹੀ ਸੀ ਕਿ ਉਹ ਹਰ ਰੋਜ਼ ਕੋਰਾ ਘੜਾ ਖ਼ਰੀਦ ਸਕਦੇ। ਕਰਮ-ਕਾਂਡ ਦੀ ਇਤਨੀ ਸਖ਼ਤ ਨਿਖੇਧੀ ਕਰਨ ਵਾਲੇ ਕਬੀਰ ਜੀ ਆਪ ਕਦੇ ਇਹ ਖ਼ਿਆਲ ਨਹੀਂ ਸਨ ਬਣਾ ਸਕਦੇ ਕਿ ਬੰਦਗੀ ਕਰਨ ਲਈ ਹਰ ਰੋਜ਼ ਘੜੇ ਦੀ ਲੋੜ ਹੈ। ਸੋ, ਲਫ਼ਜ਼ 'ਕੋਰੀ' ਲਫ਼ਜ਼ 'ਗਾਗਰਿ' ਦਾ ਵਿਸ਼ੇਸ਼ਣ ਨਹੀਂ ਹੈ)। ਆਨੈ—ਲਿਆਉਂਦਾ ਹੈ। ਲੀਪਤ—ਲਿੰਬਦਿਆਂ। ਜੀਉ ਗਇਓ—ਜਿੰਦ ਭੀ ਖਪ ਜਾਂਦੀ ਹੈ। ਰਸਿ—ਰਸ ਵਿਚ, ਅਨੰਦ ਵਿਚ।1।

ਕਉਨੇ—ਕਿਸ ਨੇ? (ਭਾਵ, ਕਿਸੇ ਨਹੀਂ)। ਨਿਪੂਤੇ—ਇਸ ਔਂਤਰੇ ਨੇ। ਮਾਲਾ—{ਨੋਟ:- ਕਬੀਰ ਜੀ ਦੀ ਮਾਲਾ ਕਬੀਰ ਜੀ ਦੀ ਆਪਣੀ ਜ਼ਬਾਨੀ ਇਉਂ ਹੈ: "ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ। " ਕਬੀਰ ਜੀ ਦੀ ਮਾਂ ਨੂੰ ਕਬੀਰ ਜੀ ਦਾ ਭਜਨ-ਬੰਦਗੀ ਵਾਲਾ ਜੀਵਨ ਪਸੰਦ ਨਹੀਂ ਸੀ, ਤੇ ਜਿਹੜੀ ਗੱਲ ਚੰਗੀ ਨਾਹ ਲੱਗੇ ਉਸ ਦਾ ਗਿਲਾ ਕਰਨ ਲੱਗਿਆਂ ਆਮ ਤੌਰ ਤੇ ਬੜੀ ਵਧਾ ਕੇ ਗੱਲ ਆਖੀਦੀ ਹੈ। ਸੋ, ਲਫ਼ਜ਼ 'ਮਾਲਾ' ਤਾਂ ਕਬੀਰ ਜੀ ਦੀ ਮਾਂ ਕਬੀਰ ਦੀ ਬੰਦਗੀ ਵਲੋਂ ਨਫ਼ਰਤ ਜ਼ਾਹਰ ਕਰਨ ਲਈ ਵਰਤਦੀ ਹੈ; ਪਰ ਨਾਲ ਹੀ ਇਹ ਗੱਲ ਬਹੁਤ ਵਧਾ ਕੇ ਭੀ ਕਹੀ ਜਾ ਰਹੀ ਹੈ ਕਿ ਕਬੀਰ ਜੀ ਨਿੱਤ ਸਵੇਰੇ ਪੋਚਾ ਫੇਰਦੇ ਸਨ।

ਹਰੇਕ ਮਨੁੱਖ, ਜੇ ਚਾਹੇ ਤਾਂ, ਆਪਣੇ ਜੀਵਨ ਵਿਚੋਂ ਅਜਿਹੀਆਂ ਕਈ ਘਟਨਾਂ ਵੇਖ ਸਕਦਾ ਹੈ ਕਿ ਅਸੀਂ ਉਸ ਗੱਲ ਨੂੰ ਕਿਵੇਂ ਵਧਾ ਕੇ ਬਿਆਨ ਕਰਦੇ ਹਾਂ, ਜੋ ਸਾਨੂੰ ਪਸੰਦ ਨਹੀਂ ਹੁੰਦੀ। ਮੈਂ ਕਈ ਐਸੇ ਬੰਦੇ ਵੇਖੇ ਹਨ ਜੋ ਬਿਰਧ ਹੋਣ ਕਰਕੇ ਆਪ ਰਤਾ ਭੀ ਕਮਾਈ ਨਹੀਂ ਕਰ ਸਕਦੇ ਸਨ, ਉਹਨਾਂ ਦਾ ਨਿਰਬਾਹ ਉਹਨਾਂ ਦੇ ਪੁੱਤਰਾਂ ਦੇ ਆਸਰੇ ਸੀ। ਪਰ ਜਦੋਂ ਕਦੇ ਉਹ ਪੁੱਤਰ ਕਿਸੇ ਸਤਸੰਗ ਜਾਂ ਦੀਵਾਨ ਵਿਚ ਜਾਣ ਲੱਗਦਾ ਸੀ, ਤਾਂ ਉਹ ਬਿਰਧ ਪਿਉ ਸੌ ਸੌ ਗਾਲ੍ਹ ਕੱਢਦਾ ਤੇ ਕਹਿੰਦਾ ਕਿ ਇਸ ਨਕਾਰੇ ਨੇ ਸਾਰਾ ਘਰ ਉਜਾੜ ਦਿੱਤਾ ਹੈ। ਸੋ, ਜਗਤ ਦੀ ਚਾਲ ਹੀ ਇਹੀ ਹੈ। ਸਤਸੰਗ ਕਿਸੇ ਵਿਰਲੇ ਨੂੰ ਭਾਉਂਦਾ ਹੈ। ਲਗਨ ਵਾਲਿਆਂ ਦੀ ਵਿਰੋਧਤਾ ਹੁੰਦੀ ਹੀ ਹੈ, ਤੇ ਹੁੰਦੀ ਹੀ ਰਹੇਗੀ। ਉਹਨਾਂ ਦੇ ਵਿਰੁੱਧ ਵਧਾ ਵਧਾ ਕੇ ਊਜਾਂ ਸਦਾ ਲਾਈਆਂ ਜਾਂਦੀਆਂ ਹਨ। ਕਬੀਰ ਜੀ ਨਾਹ ਸਦਾ ਪੋਚਾ ਫੇਰਨਾ ਆਪਣਾ ਧਰਮ ਮੰਨੀ ਬੈਠੇ ਸਨ, ਤੇ ਨਾਹ ਹੀ ਮਾਲਾ ਗਲ ਵਿਚ ਪਾਈ ਫਿਰਦੇ ਸਨ। ਹਾਂ, ਇੱਥੇ ਇਕ ਗੱਲ ਹੋਰ ਚੇਤੇ ਰਹਿਣੀ ਚਾਹੀਦੀ ਹੈ। ਉਹਨੀਂ ਦਿਨੀਂ ਸ਼ਹਿਰਾਂ ਵਿਚ ਅਜੇ ਮਿਉਂਸਪੈਲਟੀਆਂ ਵਲੋਂ ਨਲਕਿਆਂ ਦਾ ਕੋਈ ਪਰਬੰਧ ਨਹੀਂ ਸੀ, ਨਾਹ ਹੀ ਘਰਾਂ ਵਿਚ ਕਿਤੇ ਵਖੋ-ਵਖਰੇ ਨਲਕੇ ਹੀ ਲੱਗੇ ਹੋਏ ਸਨ। ਹਰੇਕ ਘਰ ਵਾਲਿਆਂ ਨੂੰ ਗਲੀਆਂ ਬਜ਼ਾਰਾਂ ਦੇ ਸਾਂਝੇ ਖੂਹਾਂ ਤੋਂ ਪਾਣੀ ਆਪ ਹੀ ਲਿਆਉਣਾ ਪੈਂਦਾ ਸੀ। ਅਮੀਰ ਲੋਕ ਤਾਂ ਭਲਾ ਝਿਊਰ ਆਦਿਕਾਂ ਦੀ ਰਾਹੀਂ ਪਾਣੀ ਮੰਗਾਉਂਦੇ ਹਨ, ਪਰ ਗਰੀਬਾਂ ਨੂੰ ਇਹ ਕੰਮ ਆਪ ਹੀ ਕਰਨਾ ਪੈਂਦਾ ਹੈ। ਆਲਸ ਦੇ ਮਾਰੇ ਦੁਨੀਆਦਾਰ ਤਾਂ ਦਿਨ ਚੜ੍ਹੇ ਤਕ ਮੰਜੇ ਤੇ ਪਏ ਰਹਿੰਦੇ ਹਨ, ਪਰ ਬੰਦਗੀ ਵਾਲਾ ਬੰਦਾ ਨਿੱਤ ਸਵੇਰੇ ਉੱਠਣ ਦਾ ਆਦੀ ਹੋਇਆ ਕਰਦਾ ਹੈ, ਉਸ ਵੇਲੇ ਇਸ਼ਨਾਨ ਕਰਨਾ ਭੀ ਸੁਭਾਵਿਕ ਹੀ ਗੱਲ ਹੈ। ਹੁਣ ਭੀ ਪਿੰਡਾਂ ਵਿਚ ਜਾ ਕੇ ਵੇਖੋ। ਲੋਕ ਖੂਹ ਉੱਤੇ ਨ੍ਹਾਉਣ ਜਾਂਦੇ

ਹਨ, ਆਉਂਦੀ ਵਾਰੀ ਘਰ ਵਰਤਣ ਲਈ ਘੜਾ ਜਾਂ ਗਾਗਰ ਭਰ ਲਿਆਉਂਦੇ ਹਨ। ਪਰ ਕਬੀਰ ਜੀ, ਉੱਦਮੀ ਕਬੀਰ ਜੀ, ਇਹ ਸਾਰਾ ਕੰਮ ਘਰ-ਦਿਆਂ ਦੇ ਸੁੱਤੇ ਪਿਆਂ ਹੀ ਕਰ ਲੈਂਦੇ ਸਨ। ਮਾਂ ਨੂੰ ਉਹਨਾਂ ਦਾ ਭਜਨ ਪਸੰਦ ਨਾਹ ਹੋਣ ਕਰਕੇ ਇਹ ਸਵੇਰੇ ਪਾਣੀ ਲੈ ਆਉਣਾ ਭੀ ਮੰਦਾ ਲੱਗਦਾ ਸੀ। ਤੇ, ਇਸ ਨੂੰ ਉਹ ਵਧਾ ਕੇ ਆਖਦੀ ਸੀ ਕਿ ਕਬੀਰ ਨਿੱਤ ਪੋਚਾ ਫੇਰਦਾ ਰਹਿੰਦਾ ਹੈ}।1। ਰਹਾਉ।

ਸਾਤ ਸੂਤ—ਸੂਤਰ-ਸਾਤਰ, ਸੂਤਰ ਆਦਿਕ, ਸੂਤਰ ਆਦਿਕ ਨਾਲ ਕੰਮ ਕਰਨਾ।2।

ਗੁਰਿ—ਸਤਿਗੁਰੂ ਨੇ। ਪੈਜ—ਲਾਜ, ਇੱਜ਼ਤ। ਜਿਨਿ—ਜਿਸ (ਪ੍ਰਭੂ) ਨੇ। ਨਖ—ਨਹੁੰਆਂ ਨਾਲ। ਬਿਦਰਿਓ—ਚੀਰਿਆ, ਚੀਰ ਕੇ ਮਾਰ ਦਿੱਤਾ।3।

ਪਿਤਰ ਕੀ ਛੋਡੀ—ਪਿਤਾ-ਪੁਰਖੀ ਛੱਡ ਦਿੱਤੀ ਹੈ। ਕੋ—ਦਾ। ਸੰਤਹ ਲੈ—ਸੰਤਾਂ ਦੀ ਸੰਗਤ ਵਿਚ ਲੈ ਕੇ।4।

ਨੋਟ:- ਇਸ ਸ਼ਬਦ ਵਿਚ ਕਬੀਰ ਜੀ ਆਪ ਹੀ ਆਪਣੇ ਬਚਨਾਂ ਦੀ ਰਾਹੀਂ ਆਪਣੀ ਮਾਂ ਦਾ ਰਵੱਈਆ ਤੇ ਗਿਲੇ ਬਿਆਨ ਕਰ ਕੇ ਮੁੜ ਆਪ ਹੀ ਆਪਣਾ ਨਿੱਤ ਦਾ ਕਰਤੱਬ ਦੱਸਦੇ ਹਨ। ਕਬੀਰ ਜੀ ਦੀ ਮਾਂ ਦੇ ਇਹ ਆਪਣੇ ਉਚਾਰੇ ਹੋਏ ਲਫ਼ਜ਼ ਨਹੀਂ ਹਨ। ਸਿਰਫ਼ ਭਗਤ ਦੀ ਬਾਣੀ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਨਾਲ ਥਾਂ ਮਿਲ ਸਕਦੀ ਸੀ, ਕਿਸੇ ਹੋਰ ਨੂੰ ਨਹੀਂ।

ਅਰਥ:- ਸਾਡੀ ਕੁਲ ਵਿਚ ਕਦੇ ਕਿਸੇ ਨੇ ਪਰਮਾਤਮਾ ਦਾ ਭਜਨ ਨਹੀਂ ਸੀ ਕੀਤਾ। ਜਦੋਂ ਦਾ ਮੇਰਾ ਔਂਤਰਾ (ਪੁੱਤਰ) ਭਗਤੀ ਵਿਚ ਲੱਗਾ ਹੈ, ਤਦੋਂ ਤੋਂ ਸਾਨੂੰ ਕੋਈ ਸੁਖ ਨਹੀਂ ਰਿਹਾ।1। ਰਹਾਉ।

ਇਹ ਜੁਲਾਹ (-ਪੁੱਤਰ) ਰੋਜ਼ ਸਵੇਰੇ ਉੱਠ ਕੇ (ਪਾਣੀ ਦੀ) ਗਾਗਰ ਲਿਆਉਂਦਾ ਹੈ ਤੇ ਪੋਚਾ ਫੇਰਦਾ ਖਪ ਜਾਂਦਾ ਹੈ, ਇਸ ਨੂੰ ਆਪਣੇ ਖੱਡੀ ਦੇ ਕੰਮ ਦੀ ਸੁਰਤ ਹੀ ਨਹੀਂ ਰਹੀ, ਸਦਾ ਹਰੀ ਦੇ ਰਸ ਵਿਚ ਹੀ ਮਗਨ ਰਹਿੰਦਾ ਹੈ।1।

ਹੇ ਮੇਰੀਓ ਦਿਰਾਣੀਓ ਜਿਠਾਣੀਓ! ਸੁਣੋ, (ਸਾਡੇ ਘਰ) ਇਹ ਕਿਹਾ ਅਚਰਜ ਭਾਣਾ ਵਰਤ ਗਿਆ ਹੈ? ਇਸ ਮੂਰਖ ਮੁੰਡੇ ਨੇ ਸੂਤਰ ਆਦਿਕ ਦਾ ਕੰਮ ਹੀ ਛੱਡ ਦਿੱਤਾ ਹੈ। ਇਸ ਨਾਲੋਂ ਤਾਂ ਇਹ ਮਰ ਹੀ ਜਾਂਦਾ ਤਾਂ ਚੰਗਾ ਸੀ।2।

(ਪਰ) ਜਿਸ ਪਰਮਾਤਮਾ ਨੇ ਹਰਨਾਖ਼ਸ਼ ਨੂੰ ਨਹੁੰਆਂ ਨਾਲ ਮਾਰ ਕੇ ਆਪਣੇ ਭਗਤ ਪ੍ਰਹਿਲਾਦ ਦੀ ਲਾਜ ਰੱਖੀ ਸੀ, ਜੋ ਪ੍ਰਭੂ ਸਾਰੇ ਸੁਖ ਦੇਣ ਵਾਲਾ ਹੈ ਉਸ ਦਾ ਨਾਮ (ਮੈਨੂੰ ਕਬੀਰ ਨੂੰ ਮੇਰੇ) ਗੁਰੂ ਨੇ ਬਖ਼ਸ਼ਿਆ ਹੈ।3।

ਕਬੀਰ ਆਖਦਾ ਹੈ—ਮੈਂ ਪਿਤਾ-ਪੁਰਖੀ ਛੱਡ ਦਿੱਤੀ ਹੈ, ਮੈਂ ਆਪਣੇ ਘਰ ਵਿਚ ਪੂਜੇ ਜਾਣ ਵਾਲੇ ਦੇਵਤੇ (ਭਾਵ, ਬ੍ਰਹਮਣ) ਛੱਡ ਬੈਠਾ ਹਾਂ। ਹੁਣ ਮੈਂ ਸਤਿਗੁਰੂ ਦਾ ਸ਼ਬਦ ਹੀ ਧਾਰਨ ਕੀਤਾ ਹੈ। ਜੋ ਪ੍ਰਭੂ ਸਾਰੇ ਪਾਪਾਂ ਦਾ ਨਾਸ ਕਰਨ ਵਾਲਾ ਹੈ, ਸਤ-ਸੰਗਤ ਵਿਚ ਉਸ ਦਾ ਨਾਮ ਸਿਮਰ ਕੇ ਮੈਂ (ਸੰਸਾਰ-ਸਾਗਰ ਤੋਂ) ਪਾਰ ਲੰਘ ਗਿਆ ਹਾਂ।4। 4।